بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.05.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਪਹਿਲਾਂ ਤੋਂ ਵੱਧ ਕੇ ਇਸਲਾਮ ਦੀਆਂ ਗਲੱਾ ਸਿੱਖੋ ਅਤੇ ਆਪਣੇ ਮਿਤੱਰਾਂ ਨੂੰ ਦੱਸੋ ਕਿ ਅਸੀਂ ਤਾਂ ਮੁਸਲਮਾਨ ਹਨ ਵਿਅਰਥ ਚੀਜਾਂ ਜਿੰਨ੍ਹਾ ਨੇ ਅੱਜ ਕੱਲ ਸਾਨੂੰ ਘੇਰਿਆ ਹੋਇਆ ਹੈ ਅਤੇ ਹਰ ਘਰ ਵਿੱਚ ਟੀਵੀ ਅਤੇ ਇੰਟਰਨੈਟ ਦੀ ਅਵਸਥਾ ਵਿੱਚ ਮੌਜੂਦ ਹਨ ਇਹਨਾਂ ਤੋਂ ਬਚਣਾ ਜ਼ਰੂਰੀ ਹੈ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਮਈ 2016 ਈ. ਨੂੰ ਮਸਜਿਦ ਨੁਸਰਤ ਜਹਾਂ ਡੈਨਮਾਰਕ ਵਿੱਚ ਦਿੱਤਾ ।**

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਲਗਭਗ ਗਿਆਰ੍ਹਾਂ ਸਾਲ ਪਹਿਲਾਂ ਮੈਂ ਏਥੇ ਆਇਆ ਸੀ । ਸਮਾਂ ਲੰਘਣ ਦਾ ਪਤਾ ਹੀ ਨਹੀਂ ਲਗੱਦਾ । ਕਈ ਬੱਚੇ ਸਨ ਅੱਜ ਨੌਜੁਆਨ ਹੋ ਗਏ ਹੋਣਗੇ ਕਈ ਅਜਿਹੇ ਹੋਣਗੇ ਜੋ ਬੱਚਿਆਂ ਦੇ ਮਾਂਪੇ ਬਣ ਗਏ ਹੋਣਗੇ । ਵੇਖਣ ਨੂੰ ਵੀ ਰੱਬ ਨੇ ਏਥੇ ਬਹੁਤ ਮਿਹਰ ਕੀਤੀ ਹੋਈ ਹੈ ਅਤੇ ਮਸਜਿਦ ਨੇ ਨਾਲ ਇਕ ਵੱਡਾ ਹਾਲ ਦਫ਼ਤਰ ਲਾਇਬ੍ਰੇਰੀ ਅਤੇ ਹੋਰਨਾ ਸਹੂਲਤਾਂ ਮਿਲ ਗਈਆਂ ਹਨ ਇਸੇ ਪ੍ਰਕਾਰ ਮਸਜਿਦ ਸਾਹਮਣੇ ਜੋ ਘਰ ਲਿਆ ਸੀ ਉਸ ਵਿੱਚ ਵੀ ਬਹੁਤ ਫੈਲਾਉ ਹੋ ਗਿਆ ਹੈ ਅਤੇ ਮਿਸ਼ਨਰੀ ਦੀ ਰਿਹਾਇਸ਼, ਗੈਸਟ ਹਾਊਸ ਅਤੇ ਇਕ ਵੱਡਾ ਹਾਲ ਉਪਲਭਦ ਹੋ ਗਿਆ ਹੈ । ਇਹ ਸਭ ਰੱਬ ਦੀਆਂ ਮਿਹਰਾਂ ਹਨ ਜੇਕਰ ਆਪ ਲੋਕਾਂ ਦੇ ਘਰਾਂ ਦੀ ਅਬਾਦੀ ਵਧੀ ਹੈ ਜੇਕਰ ਆਪ ਦੇ ਧੰਨ ਮਾਲ ਵਧੇ ਹਨ, ਜਮਾਤ ਨੂੰ ਜਾਹਿਰੀ ਇਮਾਰਤਾਂ ਦੇ ਪੱਖੋਂ ਰੱਬ ਨੇ ਵਿਸਥਾਰ ਬਖਸ਼ਿਆ ਹੈ ਤਾਂ ਨਿਸ਼ਚੇ ਹੀ ਸਾਨੂੰ ਵੀ ਰੱਬ ਦਾ ਧੰਨਾਵਾਦੀ ਹੋਣਾ ਚਾਹੀਦਾ ਹੈ । ਇਹ ਧੰਨਵਾਦ ਕਿਵੇਂ ਹੋਵੇ ਅਤੇ ਇਸ ਦਾ ਕੀ ਤਕਾਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਨੂੰ ਅਪਣੀਆਂ ਸੋਚਾਂ ਵੀ ਮੋਮਨਾ ਵਾਲੀਆਂ ਬਨਾਉਣੀਆਂ ਹੋਣਗੀਆਂ ਜ਼ਾਹਿਰੀ ਧੰਨਵਾਦ ਜਾਂ ਕੇਵਲ ਮੂੰਹ ਨਾਲ 'ਅਲਹਮਦੁਲਿਲੱਾਹ' ਕਹਿ ਕੇ ਖ਼ੁਸ਼ ਨਹੀਂ ਹੋ ਜਾਣਾ ਚਾਹੀਦਾ ਸਗੋਂ ਇਹ ਦੇਖਣਾ ਹੋਵੇਗਾ ਕਿ ਕੀ ਅਸੀਂ ਰੱਬ ਦੇ ਦੱਸੇ ਹੋਏ ਆਦੇਸ਼ਾਂ ਉਪੱਰ ਅਮਲ ਕਰ ਰਹੇ ਹਾਂ ? ਕੀ ਅਸੀਂ ਉਸ ਤਰ੍ਹਾਂ ਦਾ ਜੀਵਨ ਲੰਘਾ ਰਹੇ ਹਾਂ ਜੋ ਇਕ ਮੋਮਨ ਦਾ ਜੀਵਨ ਹੈ । ਰੱਬ ਨੇ ਆਪ ਨੂੰ ਜਾਂ ਆਪ ਦੇ ਬਾਪ ਦਾਦਿਆਂ ਨੂੰ ਅਹਮਦੀਅਤ ਕ਼ਬੂਲ ਕਰਨ ਦੀ ਤੌਫ਼ੀਕ ਦਿੱਤੀ ਹੈ ਤਾਂ ਇਹ ਰੱਬ ਦੀ ਵਿਸ਼ੇਸ਼ ਮਿਹਰ ਹੈ ਅਤੇ ਰੱਬ ਨੇ ਕਿਸੇ ਨੇਕੀ ਕਰਕੇ ਇਹ ਮਿਹਰ ਕੀਤੀ ਹੈ । ਇਹਨਾਂ ਨੇਕੀਆਂ ਵਿੱਚ ਵਧੱਣਾ ਅਤੇ ਆਪਣੀਆਂ ਹਾਲਤਾਂ ਨੂੰ ਪਹਿਲਾਂ ਤੋਂ ਵਧੱਕੇ ਚੰਗਾ ਬਨਾਉਣਾ ਜ਼ਰੂਰੀ ਹੈ ਨਹੀਂ ਤਾਂ

ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਜੇਕਰ ਸਾਡੇ ਕਦਮ ਰੁੱਕ ਗਏ ਤਾਂ ਅਸੀਂ ਆਪਣੀਆਂ ਨਸਲਾਂ ਨੂੰ ਵੀ ਧਰਮ ਤੋਂ ਦੂਰ ਕਰਨ ਵਾਲੇ ਹੋਵਾਂਗੇ ਅਤੇ ਇਉਂ ਅਸੀਂ ਉਹਨਾਂ ਨੂੰ ਰੱਬ ਦੀ ਇਸ ਵਿਸ਼ੇਸ਼ ਮਿਹਰ ਤੋਂ ਜਿਸ ਦੀ ਭਵਿੱਖਬਾਣੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਈ ਸੀ ਵਾਂਜਿਆਂ ਕਰਨ ਵਾਲੇ ਹੋਵਾਂਗੇ ਅਰਥਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਅਤੇ ਉਸ ਦਾ ਮਨ੍ਹਣਾ । ਜਿੰਨ੍ਹਾ ਦੇ ਬਾਪ ਦਾਦੇ ਅਹਮਦੀ ਹੋਏ ਜੇਕਰ ਉਹਨਾਂ ਦੀਆਂ ਨਸਲਾਂ ਧਰਮ ਤੋਂ ਦੂਰ ਹੱਟ ਗਈਆਂ ਤਾਂ ਉਹ ਆਪਣੇ ਬਜ਼ੁਰਗਾਂ ਦੀਆਂ ਦੁਆਵਾਂ ਤੋਂ ਵਾਂਜੇ ਰਹਿਣਗੇ । ਜਿੰਨ੍ਹਾਂ ਦੇ ਬਜ਼ੁਰਗ ਅਹਮਦੀ ਹੋਏ ਉਹਨਾਂ ਬਜ਼ੁਰਗਾਂ ਨੇ ਤਾਂ ਆਪਣਾ ਬੈਅਤ ਦਾ ਪ੍ਰਣ ਨਿਭਾਇਆ ਅਤੇ ਦੁਨੀਆਂ ਤੋਂ ਕੂਚ ਕਰ ਗਏ । ਇਸ ਇਛੱਾ ਤੇ ਦੁਆ ਨਾਲ ਰਵਾਨਾ ਹੋਏ ਕਿ ਕਿ ਉਹਨਾਂ ਦੀਆਂ ਨਸਲਾਂ ਵੀ ਇਸ ਪ੍ਰਣ ਨੂੰ ਨਿਭਾਉਣ ਵਾਲੀਆਂ ਹੋਣ । ਸੋ, ਇਸ ਸਮੇਂ ਆਪ ਵਿੱਚੋਂ ਬਹੁਤ ਸਾਰੇ ਅਜਿਹੇ ਹਨ ਜਿੰਨ੍ਹਾ ਨੂੰ ਇਹ ਸੋਚਣ ਦੀ ਲੋੜ ਹੈ ਕਿ ਕੀ ਅਸੀਂ ਇਸ ਪ੍ਰਣ ਨੂੰ ਨਿਭਾਉਣ ਵਾਲੇ ਹਨ ਜਿੰਨ੍ਹਾ ਦੀ ਤਲਕੀਨ ਸਾਡੇ ਬਜ਼ੁਰਗਾਂ ਨੇ ਸਾਨੂੰ ਕੀਤੀ ਸੀ । ਇਸ ਤਰ੍ਹਾਂ ਜਿੰਨ੍ਹਾ ਨੇ ਆਪ ਅਹਮਦੀਅਤ ਕੁਬੂਲ ਕੀਤੀ ਹੈ ਉਹ ਇਹ ਜਾਇਜ਼ਾ ਲੈਂਣ ਕਿ ਕੀ ਅਸੀਂ ਆਪਣੇ ਈਮਾਨ ਵਿੱਚ ਵਧੱਣ ਅਤੇ ਆਪਣੇ ਅਮਲਾਂ ਨੂੰ ਚੰਗਾ ਬਨਾਉਣ ਦੇ ਜਤਨ ਕੀਤੇ ਹਨ ਜਾਂ ਕਰ ਰਹੇ ਹਾਂ ਜਾਂ ਉਹ ਇਕ ਸਮੇਂ ਦਾ ਜਜ਼ਬਾ ਸੀ ਜਿਸ ਕਰਕੇ ਅਹਮਦੀਅਤ ਨੂੰ ਕੁਬੂਲ ਕਰ ਲਿਆ । ਲਾਭ ਤਾਂ ਸਾਨੂੰ ਤੱਦ ਹੀ ਹੋਵੇਗਾ ਜੱਦ ਸਾਡਾ ਕਦਮ ਤਰੱਕੀ ਵੱਲ ਵਧੱ ਰਿਹਾ ਹੋਵੇਗਾ ।

ਭਾਵ ਹਰ ਪ੍ਰਕਾਰ ਦੇ ਲੋਕਾਂ ਨੂੰ ਜੋ ਅਹਮਦੀਅਤ ਵਿੱਚ ਸ਼ਮਾਲ ਹੋਏ ਸਾਰਿਆਂ ਨੂੰ ਇਹਨਾਂ ਗੱਲਾਂ'ਤੇ ਵਿਚਾਰ ਕਰਨਾ ਹੋਵੇਗਾ ਕਿ ਹੁਣ ਉਹਨਾਂ ਨੂੰ ਇਸਲਾਮ ਦੀ ਹਕੀਕੀ ਸਿੱਖਿਆ ਉਪੱਰ ਅਮਲ ਕਰਨ ਲਈ ਜਤਨ ਕਰਨੇ ਚਾਹੀਦੇ ਹਨ ਤਾਂ ਜੋ ਹਜ਼ਰਤ ਮੁਹਮੱਦ ਰਸੁਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਦੀ ਬੈਅਤ ਵਿੱਚ ਆਉਣ ਦਾ ਹੱਕ ਪੂਰਾ ਕਰ ਸਕੀਏ । ਹਰ ਅਹਮਦੀ ਇਸਤਰੀ ਪੁਰੁਸ਼ ਨੂੰ ਇਹ ਦੇਖਣਾ ਤੇ ਜੇਇਜ਼ੇ ਲੈਂਣ ਦੀ ਲੋੜ ਹੈ ਕਿ ਕੀ ਆਪਣੀਆਂ ਹਾਲਤਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿੱਖਿਆ ਅਨੁਸਾਰ ਢਾਲ੍ਹਣ ਦਾ ਜਤਨ ਕਰ ਰਹੇ ਹਨ ਕੀ ਅਸੀਂ ਆਪਣੇ ਬੱਚਿਆਂ ਨੂੰ ਇਸ ਢੰਗ ਵਿੱਚ ਪਾਲਣਾ ਕਰਨ ਦਾ ਜਤਨ ਕਰ ਰਹੇ ਹਾਂ ਕਿ ਉਹਨਾਂ ਵਿੱਚ ਦੀਨ ਨੂੰ ਦੁਨੀਆ ਉਪੱਰ ਪਹਿਲ ਦੇਣ ਦੀ ਸੋਚ ਪਹਿਲਾਂ ਅਰੰਭ ਤੋਂ ਹੀ ਪੈਦਾ ਹੋ ਜਾਵੇ । ਕੀ ਸਾਡੇ ਅਮਲ ਇਸਲਾਮੀ ਸਿੱਖਿਆ ਅਨੁਸਾਰ ਸਾਡੇ ਬੱਚਿਆ ਲਈ ਨਮੂਨੇ ਹਨ ਕੀ ਸਾਡੀਆਂ ਨਮਾਜ਼ਾਂ ਸਾਡੀਆਂ ਇਬਾਦਤਾਂ ਅਤੇ ਸਾਡੇ ਸਾਰੇ ਅਮਲ ਰੱਬ ਅਤੇ ਉਸ ਦੇ ਰਸੂਲ ਦੀ ਦੱਸੀ ਹੋਈ ਸਿੱਖਿਆ ਅਨੁਸਾਰ ਹਨ ? ਇਹਨਾਂ ਗੱਲਾਂ ਦੀ ਗਹਿਰਾਈ ਦੀ ਜਾਣਕਾਰੀ ਅਤੇ ਅਪਣੀ ਪੜਤਾਲ ਦੇ ਚੰਗੇ ਮਿਆਰ ਨਿਰਧਾਰਤ ਕਰਨ ਲਈ ਸਾਡਾ ਮਾਰਗਦਰਸ਼ਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀਤਾ ਹੋਇਆ ਹੈ । ਇਸ ਸਮੇਂ ਮੈਂ ਉਹਨਾਂ ਵਿੱਚੋਂ ਕੁਝ ਗੱਲਾਂ ਪੇਸ਼ ਕਰਾਂਗਾ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਥੋਂ ਚਾਹੁੰਦੇ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਮਾਤ ਨੂੰ ਨਸੀਹਤ ਕਰਦਿਆਂ ਹੋਇਆ ਅਤਿ ਦੁੱਖ ਨਾਲ ਫ਼ਰਮਾਉਂਦੇ ਹਨ : ਸਾਡੀ ਜਮਾਤ ਲਈ ਜ਼ਰੂਰੀ ਹੈ ਕਿ ਇਸ ਦੁਖੱਾਂ ਭਰੇ ਜੁੱਗ ਵਿੱਚ ਜੱਦ ਕਿ ਹਰ ਪਾਸੇ ਗੁੰਮਰਾਹੀ ਤੇ ਗ਼ਫ਼ਲਤ ਫੈਲੀ ਹੋਈ ਹੈ ਤਮਵਾ (ਸੰਜਮਤਾ) ਧਾਰਣ ਕਰੀਏ । ਦੁਨੀਆ ਦਾ ਇਹ ਹਾਲ ਹੈ ਕਿ ਰੱਬ ਦੇ ਆਦੇਸ਼ਾਂ ਦੀ ਅਜ਼ਮਤ ਨਹੀਂ ਹੈ ਅਧਿਕਾਰਾਂ ਤੇ ਵਸੀਯੱਤ ਦੀ ਪਰਵਾਹ ਨਹੀਂ ਹੈ, ਨ ਹੀ ਆਪਣੇ ਜ਼ੁੰਮੇ ਦੇ ਹੱਕ ਪੂਰੇ ਕਰਦੇ ਹਨ ਅਤੇ ਨ ਹੀ ਜੋ ਵਸੀਯੱਤਾਂ ਹਨ ਉਹਨਾਂ ਨੂੰ ਪੂਰਾ ਕਰਨ ਵਾਲੇ ਹਨ । ਦੁਨੀਆਂ ਅਤੇ ਉਸ ਦੇ ਕਾਰਜਾਂ ਵਿੱਚ ਹੱਦ ਤੋਂ ਵੱਧ ਰੁੱਝੇ ਹੋਏ ਹਨ, ਰਤਾਂ ਜਿਹਾ ਦੁਨੀਆ ਦਾ ਨੁਕਸਾਨ ਹੁੰਦਾ ਦੇਖ ਕੇ ਦੀਨ ਦੇ ਭਾਗ ਨੂੰ ਛੱਡ ਦਿੰਦੇ ਹਨ । ਦੁਨੀਆ ਦੇ ਨੁਕਸਾਨ ਨੂੰ ਬਚਾਉਣ ਦਾ ਜਤਨ

ਕਰਦੇ ਹਨ ਫਿਰ ਭਾਵੇਂ ਧਰਮ ਚਲਾ ਜਾਵੇ ਅਤੇ ਰੱਬ ਦੇ ਹੱਕ ਨਸ਼ਟ ਕਰ ਦਿੰਦੇ ਹਨ । ਲੋਭ ਦੀ ਨੀਯਤ ਨਾਲ ਇਕ ਦੂਜੇ ਨੂੰ ਵਰਤਦੇ ਹਨ । ਨਫ਼ਸਾਨੀ ਜਜ਼ਬਿਆਂ ਦੇ ਟਾਕਰੇ'ਤੇ ਬਹੁਤ ਨਿਰਬਲ ਸਿੱਧ ਹੋਏ ਹਨ । ਇਸ ਸਮੇਂ ਤੱਕ ਕਿ ਰੱਬ ਨੇ ਉਹਨਾਂ ਨੂੰ ਕਮਜ਼ੋਰ ਰੱਖਿਆ ਹੈ ਪਾਪ ਦੀ ਜੁਰੱਤ ਨਹੀਂ ਕਰਦੇ । ਜੇਕਰ ਪਾਪਾਂ ਤੋਂ ਬਚੇ ਹੋਏ ਹਨ ਤਾਂ ਇਸ ਲਈ ਨਹੀਂ ਕਿ ਨੇਕੀ ਗ਼ਾਲਬ ਹੈ, ਇਸ ਲਈ ਕਿ ਜੁਰੱਤ ਨਹੀਂ ਹੈ ਡਰ ਹੈ ਕਈ ਚੀਜਾਂ ਦਾ ਪਰ ਜੱਦ ਉਹ ਡਰ ਦੂਰ ਹੋ ਜਾਂਦਾ ਹੈ ਤਾਂ ਫਿਰ ਪਾਪ ਕਰਨ ਲੱਗ ਜਾਂਦੇ ਹਨ । ਅੱਜ ਇਸ ਜ਼ਮਾਨੇ ਵਿੱਚ ਹਰ ਥਾਂ ਭਾਲ ਕਰ ਲਓ ਤਾਂ ਇਹੋ ਪਤਾ ਮਿਲੇ ਗਾ ਕਿ ਸੰਭਵਤਾ ਸੱਚੀ ਸੰਜਮਤਾ ਸਮਾਪਤ ਹੋ ਗਈ ਹੈ ਅਤੇ ਸਚੱਾ ਈਮਾਨ ਉਕੱਾ ਹੀ ਨਹੀਂ ਰਿਹਾ ਹੈ । ਉਹੋ ਤਾਜ਼ਾ ਬਤਾਜ਼ਾ ਕੁਰਆਨ ਮੌਜੂਦ ਹੈ ਜਿਵੇਂ ਕਿ ਰੱਬ ਨੇ ਕਿਹਾ ਸੀ ਕਿ ( إِنَّا نَحْنُ نَزَّلْنَا الذِّكْرَ وَإِنَّا لَهُ لَحَافِظُونَ ) 'ਇਨੱਾ ਨਹਨੁ ਨਜ਼ੱਲ ਨਜ਼ ਜ਼ਿਕਰਾ ਵ ਇਨੱਾ ਲਹੂ ਲਹਾਫ਼ਿਜ਼ੂਨ' ਬਹੁਤ ਸਾਰਾ ਭਾਗ ਹਦੀਸਾਂ ਦਾ ਮੌਜੂਦ ਹੈ ਅਤੇ ਬਰਕਤਾਂ ਵੀ ਹਨ ਪਰ ਲੋਕਾਂ ਦੇ ਦਿਲਾਂ ਵਿੱਚ ਈਮਾਨ ਅਤੇ ਅਮਲੀ ਅਵਸਥਾ ਬਿਲਕੁਲ ਹੀ ਹਨੀਂ ਹੈ । ਇਸ ਲਈ ਹੁਣ ਇਹਨਾਂ ਦੇ ਮੁਕਾਬਲੇ ਵਿੱਚ ਰੱਬ ਇਕ ਨਵੀਂ ਕੌਮ ਜੀਉਂਦਿਆਂ ਦੀ ਪੈਦਾ ਕਰਨੀ ਚਾਹੁੰਦਾ ਹੈ ਅਤੇ ਇਸੇ ਲਈ ਸਾਡਾ ਪ੍ਰਚਾਰ ਹੈ ਕਿ ਸੰਜਮਤਾ ਦਾ ਜੀਵਨ ਪ੍ਰਾਪਤ ਹੋ ਜਾਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੂਜਿਆਂ ਨੂੰ ਤਾਂ ਛੱਡੋ, ਅਸੀਂ ਜੋ ਆਪ ਦੀ ਬੈਅਤ ਵਿੱਚ ਸ਼ਾਮਲ ਹੋਣ ਦਾ ਦਾਵਾ ਕਰਦੇ ਹਾਂ ਕਿੰਨ੍ਹੇ ਹਨ ਸਾਡੇ ਵਿੱਚੋਂ ਜੋ ਰੱਬ ਦੇ ਆਦੇਸ਼ਾਂ ਨੂੰ ਆਪਣੇ ਉਪੱਰ ਲਾਗੂ ਕਰਨ ਵਾਲੇ ਹਨ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਮੈਂ ਜਿੰਨਾ ਤੇ ਇਨਸਾਨਾ ਨੂੰ ਇਬਾਦਤ ਲਈ ਪੈਦਾ ਕੀਤਾ ਹੈ । ਕੀ ਅਸੀਂ ਆਪਣੇ ਸੰਸਾਰਕ ਕਾਰਜਾਂ ਨੂੰ ਆਪਣੀ ਇਬਾਦਤਾਂ ਉਪੱਰ ਕੁਰਬਾਨ ਕਰਦੇ ਹਾਂ ਜਾਂ ਉਸ ਦੇ ਵਿਪਰੀਤ ਹੈ ਜਾਂ ਸਾਡੀਆਂ ਇਬਾਦਤਾਂ ਸਾਡੇ ਸੰਸਾਰਕ ਕਾਰਜਾਂ ਉਪੱਰ ਕੁਰਬਾਨ ਹੋ ਰਹੀਆਂ ਹਨ । ਅਜਿਹੇ ਵੀ ਹਨ ਜੇਕਰ ਸਮੇਂ'ਤੇ ਨਮਾਜ਼ ਪੜ੍ਹ ਵੀ ਲੈਂਣਗੇ ਤਾਂ ਗਲੋਂ ਲਾਹੁਣ ਦਾ ਜਤਨ ਕਰਦੇ ਹਨ । ਇਹਨਾਂ ਲੋਕਾਂ ਦਾ ਹਾਲ ਤਾਂ ਵੱਖ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਨਹੀਂ ਮੰਨ੍ਹਿਆ ਸਾਡੇ ਵਿੱਚੋਂ ਅਜਿਹੇ ਵੀ ਹਨ ਲੋਕਾਂ ਦੇ ਮਾਮਲਿਆਂ ਵਿੱਚ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਉਪਕਾਰ ਦਾ ਵਰਤਾਉ ਕਰੋ ਪਰ ਬਹੁਤੇ ਅਜਿਹੇ ਹਨ ਜੋ ਉਪਕਾਰ ਦਾ ਵਰਤਾਉ ਤਾਂ ਇਕ ਪਾਸੇ ਰਿਹਾ ਦੂਜਿਆਂ ਦੇ ਹੱਕ ਮਾਰਨ ਦਾ ਜਤਨ ਕਰਦੇ ਹਨ ਫਿਰ ਅਜਿਹੇ ਵੀ ਹਨ ਜੋ ਦੁਨੀਆ ਦਾ ਨੁਕਸਾਨ ਤਾਂ ਸਹਿਨ ਨਹੀਂ ਕਰਦੇ ਪਰ ਦੀਨ (ਧਰਮ) ਦਾ ਨੁਕਸਾਨ ਹੋ ਰਿਹਾ ਹੈ ਤਾਂ ਸਹਿਨ ਕਰ ਲੈਂਦੇ ਹਨ । ਕਿੰਨ੍ਹੇ ਹੀ ਸਾਡੇ ਵਿੱਚੋਂ ਅਜਿਹੇ ਹਨ ਜੋ ਭਾਵਨਾਵਾਂ ਉਪੱਰ ਕੰਟ੍ਰੋਲ ਨਹੀਂ ਰਖੱਦੇ, ਨਿੱਕੀਆਂ ਨਿੱਕੀਆਂ ਗਲੱਾਂ'ਤੇ ਭੜਕ ਜਾਂਦੇ ਹਨ । ਜੇਕਰ ਦੂਜੇ ਕਰਨ ਤਾਂ ਅਸੀਂ ਕਹਿ ਸਕਦੇ ਹਾਂ ਕਿ ਜਾਹਲ ਹਨ ਇਹ ਲੋਕ, ਪਰ ਜੇਕਰ ਸਾਡੇ ਵਿੱਚੋਂ ਕੋਈ ਅਜਿਹਾ ਕਰੇ ਤਾਂ ਬਹਿਰਹਾਲ ਇਹ ਦੁੱਖ ਦੀ ਗੱਲ ਹੈ । ਸੋ, ਹਰ ਕੋਈ ਆਪਣਾ ਆਪ ਇਹਨਾਂ ਗਲੱਾਂ ਵਿੱਚ ਆਪਣਾ ਜਾਇਜ਼ਾ ਲੈ ਸਕਦਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਹ ਸ਼ਬਦ ਸਾਨੂੰ ਹਮੇਸ਼ਾ ਸਾਹਮਣੇ ਰਖੱਣੇ ਚਾਹੀਦੇ ਹਨ ਕਿ ਅਲੱਾਹ ਤਆਲਾ ਇਕ ਨਵੀਂ ਕੌਮ ਜੀਉਂਦਿਆਂ ਦੀ ਪੈਦਾ ਕਰਨਾ ਚਾਹੁੰਦਾ ਹੈ, ਸੋ, ਅਸੀਂ ਇਹਨਾਂ ਜੀਉਦਿਆਂ ਵਿੱਚ ਸ਼ਾਮਲ ਹੋਣ ਲਈ ਬੈਅਤ ਕੀਤੀ ਹੈ ਇਸ ਲਈ ਇਸ ਦਾ ਹੱਕ ਪੂਰਾ ਕਰਨ ਲਈ ਆਪ ਦੀਆਂ ਗਲੱਾਂ ਉਪੱਰ ਸਾਨੂੰ ਧਿਆਨ ਦੇਣਾ ਹੋਵੇਗਾ ਤਾਂ ਜੋ ਜੀਉਂਦਿਆਂ ਦੀ ਜਮਾਤ ਵਿੱਚ ਸ਼ਾਮਲ ਹੋ ਸਕੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਜੋ ਵਿਅਕਤੀ ਕੇਵਲ ਰੱਬ ਤੋਂ ਡਰ ਕੇ ਉਸ ਦੇ ਮਾਰਗ ਦੀ ਭਾਲ ਦਾ ਜਤਨ ਕਰਦਾ ਹੈ ਅਤੇ ਉਸ ਤੋਂ ਇਸ ਕੰਮ ਦੀ ਗੰਢ ਖੋਲਣ ਲਈ ਦੁਆ ਕਰਦਾ ਹੈ ਤਾਂ ਰੱਬ ਆਪਣੇ ਕਾਨੂਨ (ਅਰਥਾਤ ਜੋ ਲੋਕ ਸਾਡੇ ਵਿੱਚੋਂ ਹੋਕੇ ਜਤਨ ਕਰਦੇ ਹਨ ਅਸੀਂ ਉਹਨਾਂ ਨੂੰ ਆਪਣੇ ਮਾਰਗ ਦਿਖਾਉਂਦੇ ਹਾਂ ।) ਅਨੁਸਾਰ ਆਪ ਹੱਥ ਫੜ੍ਹ ਕੇ ਮਾਰਗ ਦਿਖਾ ਦਿੰਦਾ ਹੈ । ਜੱਦ ਤੱਕ ਮਨੁੱਖ ਪਾਕ ਦਿਲ ਅਤੇ ਸਚੱਾਈ ਤੇ ਈਮਾਨਦਾਰੀ ਨਾਲ ਸਾਰੇ ਨਜਾਇਜ਼ ਮਾਰਗਾਂ ਤੇ ਅਸ਼ਾਵਾਂ ਦੇ ਬੂਹਿਆਂ ਨੂੰ ਆਪਣੇ ਲਈ ਬੰਦ

ਕਰਕੇ ਰੱਬ ਅੱਗੇ ਹੀ ਹੱਥ ਨਹੀਂ ਫੈਲਾਉਂਦਾ ਉਸ ਸਮੇਂ ਤੱਕ ਉਹ ਇਸ ਯੋਗ ਨਹੀਂ ਹੁੰਦਾ ਕਿ ਰੱਬ ਦੀ ਸਹਾਇਤਾ ਅਤੇ ਤਾਈਦ ਉਸ ਨੂੰ ਮਿਲੇ, ਪਰ ਜੱਦ ਉਹ ਰੱਬ ਹੀ ਦੇ ਦਰ'ਤੇ ਡਿਗੱਦਾ ਹੈ ਅਤੇ ਉਸੇ ਤੋਂ ਹੀ ਦੁਆ ਕਰਦਾ ਹੈ ਤਾਂ ਉਸ ਦੀ ਇਹ ਹਾਲਤ ਮਦਦ ਨੂੰ ਖਿਚੱਣ ਵਾਲੀ ਅਤੇ ਰਹਮਤ ਵਾਲੀ ਹੈ । ਇਹ ਨ ਸਮਝੋ ਕਿ ਰੱਬ ਗ਼ਾਫ਼ਲ ਹੈ ਰੱਬ ਅਕਾਸ਼ ਉਪੱਰ ਬੈਠਾ ਮਨੁੱਖ ਦੇ ਦਿਲ ਦੀਆਂ ਨੁਕਰਾਂ ਤੱਕ ਤੋਂ ਜਾਣੂ ਹੈ ਹੈ । ਜੇਕਰ ਕਿਸੇ ਨੁਕੱਰ ਵਿੱਚ ਵੀ ਕਿਸੇ ਪ੍ਰਕਾਰ ਦਾ ਅੰਧਕਾਰ ਜਾਂ ਸ਼ਿਰਕ ਤੇ ਬੁਰਾਈ ਦਾ ਕੋਈ ਹਿਸੱਾ ਹੁੰਦਾ ਹੈ ਤਾਂ ਉਸ ਦੀ ਦੁਆਵਾਂ ਤੇ ਇਬਦਤਾਂ ਨੂੰ ਉਸ ਦੇ ਮੂੰਹ'ਤੇ ਪਰਤਕੇ ਮਾਰਦਾ ਹੈ ਅਤੇ ਜੇਕਰ ਦੇਖਦਾ ਹੈ ਕਿ ਇਸ ਦਾ ਦਿਲ ਹਰ ਪ੍ਰਕਾਰ ਦੇ ਭੌਤਕ ਉਦੇਸ਼ਿਆ ਅਤੇ ਜ਼ੁਲਮਤ ਤੋਂ ਪਾਕ ਤੇ ਸਾਫ਼ ਹੈ ਤਾਂ ਉਸ ਦੇ ਲਈ ਰਹਮਤ ਦੇ ਦਰ ਖੋਲਦਾ ਹੈ ਅਤੇ ਉਸ ਨੂੰ ਆਪਣੀ ਪਰਛਾਈਂ ਵਿੱਚ ਲੈਕੇ ਉਸ ਦੀ ਪਾਲਣਾ ਦੀ ਆਪ ਜਿੰਮੇਦਾਰੀ ਲੈਂਦਾ ਹੈ ।

ਸੋ, ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਹਕੀਕੀ ਅਹਮਦੀ ਨੂੰ ਆਪਣੇ ਦਿਲ ਨੂੰ ਹਰ ਪ੍ਰਕਾਰ ਦੇ ਸ਼ਿਰਕ (ਅਨੇਕ ਈਸ਼ਵਰ ਵਾਦ) ਅਤੇ ਬਿਦਅਤਾਂ (ਬੁਰਾਈਆਂ) ਤੋਂ ਪਾਕ ਕਰਨਾ ਹੋਵੇਗਾ । ਉਹ ਲੋਕ ਜੋ ਕਹਿੰਦੇ ਹਨ ਕਿ ਅਸੀਂ ਬਹੁਤ ਦੁਆਵਾਂ ਕੀਤੀਆਂ ਬਹੁਤ ਲੰਮੀਆਂ ਲੰਮੀਆਂ ਦੁਆਵਾਂ ਕੀਤੀਆਂ ਅਤੇ ਕੁਬੂਲ ਨਹੀਂ ਹੋਈਆਂ ਆਪਣੇ ਦਿਲਾਂ ਨੂੰ ਫਰੋਲਨ, ਪੜਤਾਲ ਕਰਨ ਕਿ ਕਿਤੇ ਕੋਈ ਲੁਕਿਆ ਸ਼ਿਰਕ ਤਾਂ ਨਹੀਂ ਕਿਸੇ ਪ੍ਰਕਾਰ ਦੀ ਬਿਦਅਤ (ਕੁਰੀਤੀ) ਵਿੱਚ ਤਾਂ ਗ੍ਰਿਸਿਆ ਨਹੀਂ ਜਾਂ ਹੋਰ ਕੋਈ ਅਜਿਹੀ ਗੱਲ ਤਾਂ ਨਹੀਂ ਹੋ ਰਹੀ ਜਿਸ ਤੋਂ ਰੱਬ ਨੇ ਮਨਾ ਕੀਤਾ ਹੋਇਆ ਹੈ ।

ਫਿਰ ਇਕ ਥਾਂ ਇਹ ਸਪਸ਼ਟ ਕਰਦਿਆਂ ਹੋਇਆਂ ਕਿ ਤਕਵਾ (ਸੰਜਮਤਾ) ਦੀ ਸਥਾਪਨਾ ਹੀ ਜਮਾਤ ਦੀ ਸਥਾਪਨਾ ਦਾ ਮੰਤਵ ਹੈ, ਸਯੱਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਜਮਾਤ ਤੋਂ ਰੱਬ ਨੇ ਇਹੋ ਇਛੱਾ ਕੀਤੀ ਹੈ ਅਤੇ ਮੇਰੇ ਉਪੱਰ ਜ਼ਾਹਰ ਕੀਤਾ ਹੈ ਕਿ ਤਕਵਾ ਘੱਟ ਗਿਆ ਹੈ । ਇਹ ਜਮਾਤ ਦੇ ਕਾਇਮ ਕਰਨਾ ਦਾ ਮੰਤਵ ਹੀ ਤਕਵਾ ਦੀ ਸਥਾਪਨਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ, ਹੁਣ ਰੱਬ ਨੇ ਨਿਸ਼ਚਾ ਕੀਤਾ ਹੈ ਕਿ ਉਹ ਦੁਨੀਆ ਨੂੰ ਤਕਵਾ ਤੇ ਪਵਿਤੱਰਤਾ ਦੇ ਜੀਵਨ ਦਾ ਨਮੂਨਾ ਦਿਖਾਏ । ਇਸੇ ਉਦੇਸ਼ ਲਈ ਉਸ ਨੇ ਇਹ ਜਮਾਤ ਕਾਇਮ ਕੀਤੀ ਹੈ । ਫ਼ਰਮਾਇਆ ਹੁਣ ਸਾਨੂੰ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ ਕਿ ਕੀ ਸਾਡੀਆਂ ਆਪਣੀਆਂ ਹਾਲਤਾਂ ਅਜਿਹੀਆਂ ਹਨ ਕਿ ਅਸੀਂ ਆਪ ਤਕਵਾ ਤੇ ਪਵਿਤੱਰਤਾ ਦੇ ਨਮੂਨਾ ਬਣ ਸਕੀਏ ਅਤੇ ਦੂਜੇ ਸਾਡੇ ਕੋਲੋਂ ਸਿੱਖਿਆ ਲੈਂਣ । ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਆਪ ਆਪਣੀ ਜਮਾਤ ਨੂੰ ਕਿਹੋ ਜਿਹੀ ਦੇਖਣਾ ਚਾਹੁੰਦੇ ਹਨ ਆਪ ਫ਼ਰਮਾਉਂਦੇ ਹਨ ਕਿ ਇਸ ਜਮਾਤ ਨੂੰ ਰੱਬ ਨੇ ਆਪ ਆਪਣੇ ਹੱਥੀਂ ਕਾਇਮ ਕੀਤਾ ਹੈ ਅਤੇ ਇਸ'ਤੇ ਵੀ ਅਸੀਂ ਦੇਖਦੇ ਹਾਂ ਕਿ ਬਹੁਤ ਲੋਕ ਆਉਂਦੇ ਹਨ ਅਤੇ ਸਵਾਰਥ ਪੂਰਨ ਹੁੰਦੇ ਹਨ ਅਰਥਾਤ ਉਹਨਾਂ ਦੇ ਆਪਣੇ ਸਵਾਰਥ ਹੁੰਦੇ ਹਨ ਨੇਕੀ ਅਤੇ ਤਕਵਾ ਦੀ ਪ੍ਰਾਪਤੀ ਉਹਨਾਂ ਦਾ ਉਦੇਸ਼ ਨਹੀਂ ਹੁੰਦੀ ਸਗੋਂ ਉਹਨਾਂ ਦੇ ਕੁਝ ਵਿਅਕਤੀਗੱਤ ਹਿੱਤ ਹੁੰਦੇ ਹਨ ਜਿਸ ਦੇ ਸਬਬ ਉਹ ਆ ਜਾਂਦੇ ਹਨ । ਜੇਕਰ ਸਵਾਰਥ ਪੂਰੇ ਹੋ ਗਏ ਤਾਂ ਭਲਾ ਨਹੀਂ ਤਾਂ ਕਿਧੱਰ ਦਾ ਦੀਨ ਧਰਮ ਤੇ ਕਿਧੱਰ ਦਾ ਈਮਾਨ । ਫ਼ਿਰ ਛੱਡਕੇ ਚਲੇ ਗਏ ਫ਼ਿਰ ਈਮਾਨ ਕੋਈ ਨ ਰਿਹਾ, ਪਰ ਜੇਕਰ ਇਸ ਦੇ ਟਾਕਰੇ'ਤੇ ਫਰਮਾਇਆ ਕਿ ਸਹਾਬਾ ਦੇ ਜੀਵਨ ਵਿੱਚ ਨਜ਼ਰ ਮਾਰੀ ਜਾਵੇ ਤਾਂ ਉਹਨਾਂ ਵਿੱਚ ਇਕ ਵੀ ਅਜਿਹੀ ਘਟੱਨਾ ਦਿਖਾਈ ਨਹੀਂ ਦਿੰਦੀ । ਉਹਨਾਂ ਨੇ ਕਦੇ ਅਜਿਹਾ ਨਹੀਂ ਕੀਤਾ । ਸਾਡੀ ਬੈਅਤ ਤਾਂ ਬੈਅਤੇ ਤੌਬਾ ਹੀ ਹੈ । ਪਰ ਉਹਨਾ ਲੋਕਾਂ ਦੀ ਬੈਅਤ ਅਰਥਾਤ ਸਹਾਬਾ ਦੀ ਬੈਅਤ ਤਾਂ ਸਿਰ ਕਟਾਉਣ ਦੀ ਬੈਅਤ ਸੀ । ਉਹਨਾਂ ਨੂੰ ਆਪਣੇ ਵਿਅਕਤੀਗੱਤ ਸਨਮਾਨ ਦੀ ਪਰਵਾਹ ਨਹੀਂ ਸੀ ਕਿਸੇ ਵੱਡਿਆਈ ਜਾਂ ਅਜ਼ਮਤ ਦੀ ਇਛੱਾ ਨਹੀਂ ਸੀ ਕਿਸੇ ਵੱਡੇ ਅਹੁਦੇ ਦੀ ਇਛੱਾ ਨਹੀਂ ਸੀ ਕੇਵਲ ਸਵਾਰਥ ਸੀ ਤਾਂ ਇਹ ਕਿ ਅਸੀਂ ਇਸਲਾਮ ਖ਼ਾਤਰ ਜਾਨ ਮਾਲ ਸਮਾਂ ਤੇ ਸਨਮਾਨ ਕਰਨ ਲਈ ਹਰ ਸਮੇਂ ਤਿਆਰ ਹਾਂ। ਅਹੁਦੇਦਾਰਾਂ ਨੂੰ ਵੀ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

ਹਜ਼ੂਰ ਅਨਵਰ ਨੇ ਫ਼ਾਮਾਇਆ : ਫਿਰ ਬਹੁਤ ਦੁੱਖ ਨਾਲ ਸਾਨੂੰ ਸਾਡੇ ਆਚਰਣ ਚੰਗੇ ਬਨਾਉਣ, ਨੇਕੀਆਂ ਉਪੱਰ ਕਾਇਮ ਹੋਣ ਤੇ ਬੁਰਾਈਆਂ ਨੂੰ ਤਿਆਗ ਕਰਨ ਵੱਲ ਧਿਆਨ ਦੁਆਉਦਿਆ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫਰਮਾਉਦੇ ਹਨ ਕਿ ਜੋ ਵਿਅਕਤੀ ਆਪਣੇ ਗਵਾਂਢੀ ਨੂੰ ਆਪਣੇ ਆਚਰਣ ਵਿੱਚ ਤਬਦੀਲੀ ਦਿਖਾਉਂਦਾ ਹੈ ਕਿ ਪਹਿਲਾਂ ਕੀ ਸੀ ਅਤੇ ਹੁਣ ਕੀ ਹੈ ਉਹ ਸੰਭਵਤਾ ਇਕ ਕਰਾਮਤ ਦਿਖਾਉਂਦਾ ਹੈ । ਜੱਦ ਕੋਈ ਵਿਅਕਤੀ ਜਮਾਤ ਵਿੱਚ ਸ਼ਾਮਲ ਹੁੰਦਾ ਹੈ ਅਤੇ ਇਸ ਜਮਾਤ ਦੀ ਅਜ਼ਮਤ ਅਤੇ ਸਨਮਾਨ ਦਾ ਖ਼ਿਆਲ ਨਹੀਂ ਰਖੱਦਾ ਅਤੇ ਉਸ ਦੇ ਖ਼ਿਲਾਫ਼ ਕਰਦਾ ਹੈ ਤਾਂ ਉਹ ਆਪ ਉਤੱਰਦਾਈ ਹੁੰਦਾ ਹੈ । ਕਿਉਂਕਿ ਉਹ ਕੇਵਲ ਆਪਣੇ ਆਪ ਨੂੰ ਹੀ ਹਲਾਕਤ ਵਿੱਚ ਨਹੀਂ ਪਾਉਂਦਾ ਸਗੋਂ ਦੂਜਿਆ ਲਈ ਵੀ ਇਕ ਭੈੜਾ ਨਮੂਨਾ ਬਣ ਕੇ ਉਹਨਾਂ ਨੂੰ ਖ਼ੁਸ਼ੀ ਅਤੇ ਸੁਮਾਰਗ ਤੋਂ ਵਾਂਜਿਆਂ ਰਖੱਦਾ ਹੈ । ਫਰਮਾਇਆ ਜਿੱਥੋਂ ਤੱਕ ਆਪ ਲੋਕਾਂ ਦੀ ਤਾਕਤ ਹੈ ਰੱਬ ਤੋਂ ਦੁਆਵਾਂ ਮੰਗੋ ਅਤੇ ਆਪਣੀ ਪੂਰੀ ਸ਼ਕਤੀ ਤੇ ਹੌਂਸਲੇ ਨਾਲ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਜਤਨ ਕਰੋ । ਜਿੱਥੇ ਅਸਮਰਥ ਹੋ ਜਾਓ ਓਥੇ ਸੱਚਾਈ ਤੇ ਵਿਸ਼ਵਾਸ਼ ਨਾਲ ਹੱਥ ਚੁੱਕੋ ਕਿਉਕਿ ਵਿਨਮ੍ਰਤਾ ਤੇ ਵਿਲੀਨਤਾ ਨਾਲ ਚੁੱਕੇ ਹੋਏ ਹੱਥ ਜੋ ਸਚੱਾਈ ਤੇ ਵਿਸ਼ਵਾਸ ਦੀ ਤਹਿਰੀਕ ਨਾਲ ਉਠਦੇ ਹਨ ਖਾਲੀ ਵਾਪਸ ਨਹੀਂ ਹੁੰਦੇ । ਫਿਰ ਫ਼ਰਮਾਇਆ ਕਿ ਇਹ ਇਕ ਯਕੀਨੀ ਗੱਲ ਹੈ ਕਿ ਜੇਕਰ ਕੋਈ ਵਿਅਕਤੀ ਆਪਣੇ ਅੰਦਰ ਆਪਣੀ ਸਮੂਹ ਜਾਤੀ ਲਈ ਹਮਦਰਦੀ ਦਾ ਜੋਸ਼ ਨਹੀਂ ਰਖੱਦਾ ਤਾਂ ਉਹ ਬਖ਼ੀਲ ਹੈ । ਜੇਕਰ ਮੈਂ ਇਕ ਮਾਰਗ ਦੇਖਾਂ ਜਿਸ ਵਿੱਚ ਭਲਾਈ ਤੇ ਖ਼ੈਰ ਹੈ ਤਾਂ ਮੇਰਾ ਕਰਤਵ ਹੈ ਕਿ ਮੈਂ ਵਾਜਾਂ ਮਾਰ ਮਾਰ ਕੇ ਲੋਕਾਂ ਨੂੰ ਬੁਲਾਵਾਂ ।

ਹਜ਼ੂਰ ਨੇ ਫ਼ਰਮਾਇਆ : ਸੋ, ਆਪਣੇ ਨੇਕ ਨਮੂਨੇ ਕਾਇਮ ਕਰਕੇ ਫਿਰ ਪ੍ਰਚਾਰ ਦਾ ਹੱਕ ਵੀ ਪੂਰਾ ਕਰਨਾ ਹੋਵੇਗਾ ਅਤੇ ਇਹ ਹਰ ਅਹਮਦੀ ਦੀ ਜ਼ਿੰਮੇਦਾਰੀ ਹੈ ਇਸ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ । ਅਖੀਰ ਇਕ ਸਮਾਂ ਆਏਗਾ ਕਿ ਲੋਕ ਸੁਨਣਗੇ ਵੀ ਪਰ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਇਲਹਾਮ ਵਿੱਚ ਜੋ ਇਹ ਆਇਆ ਹੈ ਕਿ 'ਇਲਲੱਜ਼ੀਨਾ ਅਲੌ ਬਿਸਤਕਬਾਰ' (الاالذین علوا باستکبار) ਇਹ ਤਾਊਨ (ਪਲੇਗ) ਬਾਰੇ ਅਰਬੀ ਵਿੱਚ ਇਲਹਾਮ ਹੈ । ਜੋ ਵੀ ਤੇਰੇ ਘਰ ਅੰਦਰ ਆਏਗਾ ਉਸ ਨੂੰ ਮੈਂ ਬਚਾਵਾਂਗਾ, ਪਰ ਉਹ ਲੋਕ ਜੋ ਆਪਣੇ ਆਪ ਨੂੰ ਉਚੱਾ ਸਮਝਦੇ ਹਨ ਅਤੇ ਉਸ ਦੀ ਵਿਆਖਿਆ ਆਪ ਨੇ ਇਹ ਫ਼ਰਮਾਈ ਕਿ ਪੂਰਨ ਰੂਪ ਵਿੱਚ ਆਪ ਦੀ ਪੈਰ੍ਹਵੀ ਨਹੀਂ ਕਰਦੇ । ਉਹਨਾ'ਤੇ ਇਹ ਹੁਕਮ ਲਾਗੂ ਨਹੀਂ ਹੋਵੇਗਾ । ਰੱਬ'ਤੇ ਇਹ ਵਾਜਬ ਨਹੀਂ ਹੋਵੇਗਾ ਕਿ ਅਵਸ਼ ਹੀ ਉਹਨਾਂ ਦੀ ਸੁਰੱਖਿਆ ਕਰੇ । ਫ਼ਰਮਾਇਆ ਕਿ ਇਸ ਲਈ ਜ਼ਰੂਰੀ ਹੈ ਕਿ ਵਾਰ ਵਾਰ 'ਕਸ਼ਤੀ ਏ ਨੂਹ' ਨੂੰ ਪੜ੍ਹੋ ਅਤੇ ਕੁਰਆਨ ਕਰੀਮ ਨੂੰ ਪੜ੍ਹੋ ਅਤੇ ਉਸ ਅਨੁਸਾਰ ਅਮਲ ਕਰੋ । ਤੁਸੀਂ ਜੋ ਆਪਣੀ ਕੌਮ ਵੱਲੋਂ ਜੋ ਲਾਨ੍ਹਤ, ਮਲਾਮਤ (ਬੇਕਦਰੀ) ਲੈਂਣੀ ਸੀ ਲੈ ਚੁੱਕੇ ਪਰ ਇਸ ਲਾਨ੍ਹਤ ਨੂੰ ਲੈਕੇ ਰੱਬ ਨਾਲ ਵੀ ਤੁਹਾਡਾ ਮਾਮਲਾ ਸਾਫ਼ ਨਾ ਹੋਇਆ ਅਤੇ ਉਸ ਦੀ ਰਹਮਤ ਅਤੇ ਮਿਹਰ ਹੇਠ ਨ ਆਏ ਤਾਂ ਫਿਰ ਕਿੰਨ੍ਹੀ ਮੁਸੀਬਤ ਤੇ ਮੁਸ਼ਕਲ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਜਾਇਜ਼ਾ ਲੈਂਣ ਦੀ ਲੋੜ ਹੈ । ਨਵੇਂ ਅਹਮਦੀ ਜਾਂ ਪੁਰਾਣੇ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਕੇ ਜੱਦ ਤੱਕ ਅਸੀਂ ਅਪਣੇ ਕਰਮ ਰੂਪੀ ਸੁਧਾਰ ਨਹੀਂ ਕਰਾਂਗੇ ਇਹਨਾਂ ਬਰਕਤਾਂ ਤੇ ਮਿਹਰਾਂ ਤੋਂ ਲਾਭ ਨਹੀਂ ਪ੍ਰਾਪਤ ਕਰ ਸਕਦੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਨਾਲ ਮਿਲਣੀ ਹੈ ਅਤੇ ਨ ਹੀ ਅਸੀਂ ਰੱਬ ਦੀ ਰੱਖਿਆ ਦੀ ਪਰਛਾਈਂ ਹੇਠ ਆ ਸਕਦੇ ਹਾਂ । ਹਰ ਇਕ ਨੇ ਪ੍ਰਣ ਕੀਤਾ ਹੈ ਕਿ ਮੈਂ ਦੀਨ ਨੂੰ ਨਦੁਨੀਆਂ ਉਪੱਰ ਪਹਿਲ ਦਿਆਂਗਾ । ਖ਼ੁਦੱਾਮੁਲ ਅਹਮਦੀਆ ਵਿੱਚ ਵੀ ਇਹ ਅਹਿਦ (ਪ੍ਰਣ) ਦਹੁਰਾਇਆ ਜਾਂਦਾ ਹੈ ਅੰਸਾਰੁਲੱਾਹ ਵਿੱਚ ਵੀ ਦਹੁਰਾਇਆ ਜਾਂਦਾ ਹੈ ਲਜਨਾ ਵਿੱਚ ਵੀ ਦਹੁਰਾਇਆ ਜਾਂਦਾ ਹੈ ਜਮਾਤ ਵੀ ਬੈਅਤ ਸਮੇਂ ਇਹ ਪ੍ਰਣ ਲੈਂਦੀ ਹੈ ਤਾਂ ਜੇਕਰ ਅਹਿਦ (ਪ੍ਰਣ) ਦੀ ਸੁਰੱਖਿਆ ਕਰੋਗੇ ਅਤੇ ਅਮਾਨਤਾਂ ਜੋ ਤੁਹਾਡੇ ਸੁਪੁਰਦ ਹਨ ਅਹੁਦੇਦਾਰ

ਹਨ ਉਹਨਾਂ ਦੇ ਸੁਪੁਰਦ ਅਹੁਦੇ ਦੀਆਂ ਅਮਾਨਤਾਂ ਹਨ । ਸਾਧਾਰਣ ਅਹਮਦੀ ਹੈ ਉਸ ਦੇ ਸੁਪੁਰਦ ਅਮਾਨਤ ਹੈ ਉਹ ਅਹਮਦੀਅਤ ਦਾ ਸਹੀ ਸਮੂਨਾ ਬਣਕੇ ਦਿਖਾਏ ਅਤੇ ਕਿਸੇ ਲਈ ਠੋਕਰ ਦਾ ਸਬਬ ਨ ਬਣੇ ਜੇਕਰ ਅਜਿਹਾ ਹੋਵੇਗਾ ਤਾਂ ਫ਼ਿਰ ਈਮਾਨ ਦਾ ਰੁੱਖ ਮਜ਼ਬੂਤ ਤਣੇ ਉਪੱਰ ਖੜਾ ਹੋ ਜਾਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਸਾਨੂੰ ਵਿਨਮ੍ਰਤਾ ਵੀ ਪੈਦਾ ਕਰਨ ਦੀ ਲੋੜ ਹੈ ਕਿਉਂਕਿ ਇਸੇ ਰਾਹੀਂ ਹੀ ਅਸੀਂ ਆਪਣੇ ਨਫ਼ਸ (ਆਪੇ) ਦੀ ਕੁਰਬਾਨੀ ਦਾ ਹੱਕ ਪੂਰਾ ਕਰ ਸਕਦੇ ਹਾਂ । ਆਪਣੇ ਈਮਾਨ ਵਿੱਚ ਤਰੱਕੀ ਕਰ ਸਕਦੇ ਹਾਂ । ਵਿਅਰਥ ਗੱਲਾਂ ਜਿੰਨ੍ਹਾ ਨੇ ਅੱਜ ਕੱਲ ਸਾਨੂੰ ਘੇਰਿਆ ਹੋਇਆ ਹੈ ਅਤੇ ਹਰ ਘਰ ਵਿੱਚ ਮੌਜੂਦ ਹੈ ਟੀਵੀ ਅਤੇ ਇੰਟਰਨੈਟ ਦੀ ਅਵਸਥਾ ਵਿੱਚ ਇਹਨਾਂ ਤੋਂ ਬੱਚ ਸਕਦੇ ਹਨ ਅਤੇ ਇਹਨਾਂ ਤੋਂ ਬਚਣਾ ਜ਼ਰੂਰੀ ਹੈ ਆਪਣੇ ਈਮਾਨ ਵਿੱਚ ਤਰੱਕੀ ਲਈ ਅਤੇ ਫਿਰ ਹੀ ਅਸੀਂ ਫਲ ਫੁੱਲ ਲਿਆਉਣ ਵਾਲੀਆਂ ਟਾਹਣੀਆਂ ਬਣ ਸਕਦੇ ਹਾਂ । ਰੱਬ ਦੀ ਮਿਹਰ ਨਾਲ, ਆਪਣੀ ਵੀ ਤੇ ਆਪਣੀਆਂ ਨਸਲਾਂ ਦੀ ਵੀ ਦੁਨੀਆ ਤੇ ਆਖ਼ਰਤ ਸੁਆਰਣ ਵਾਲੇ ਬਣ ਸਕਦੇ ਹਾਂ । ਇਕ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਮਾਤ ਦੇ ਉਜਵੱਲ ਭਵਿੱਖ ਬਾਰੇ ਸੂਚਨਾ ਦਿੰਦਿਆਂ ਹੋਇਆਂ ਫ਼ਰਮਾਇਆ ਕਿ ਇਹ ਜ਼ਮਾਨਾ ਵੀ ਰੂਹਾਨੀ ਲੜਾਈ ਦਾ ਹੈ । ਸ਼ੈਤਾਨ ਨਾਲ ਜੰਗ ਸ਼ੁਰੂ ਹੈ । ਸ਼ੈਤਾਨ ਆਪਣੇ ਸਾਰਿਆਂ ਹੱਥਿਆਰਾਂ ਤੇ ਕੂਟਨੀਤੀਆਂ ਨੂੰ ਨਾਲ ਲੈਕੇ ਇਸਲਾਮ ਦੇ ਕਿਲੇ ਉਪੱਰ ਹਮਲਾ ਕਰਨ ਲਈ ਤਿਆਰ ਬਰ ਤਿਆਰ ਹੋ ਰਿਹਾ ਹੈ ਅਤੇ ਉਹ ਚਾਹੁੰਦਾ ਹੈ ਕਿ ਇਸ ਨੂੰ ਪਰਾਜਿਤ ਕਰ ਦੇਵੇ ਪਰ ਰੱਬ ਨੇ ਇਸ ਸਮੇਂ ਸ਼ੈਤਾਨ ਦੀ ਅਖੀਰੀ ਜੰਗ ਵਿਚ ਇਸ ਨੂੰ ਹਮੇਸ਼ਾ ਲਈ ਹਾਰ ਦੇਣ ਲਈ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ਹੈ ।

ਰੱਬ ਕਰੇ ਕਿ ਅਸੀਂ ਆਪਣੇ ਈਮਾਨਾ ਨੂੰ ਪੱਕਿਆਂ ਕਰਨ ਵਾਲੇ ਹੋਈਏ । ਅਲੱਾਹ ਤਆਲਾ ਦੇ ਆਦੇਸ਼ਾਂ ਉਪੱਰ ਅਮਲ ਕਰਦਿਆਂ ਹੋਇਆ ਉਸ ਦੀ ਰਜ਼ਾ ਪ੍ਰਾਪਤ ਮਰਨ ਵਾਲੇ ਹੋਈਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਪੂਰਾ ਕਰਨ ਵਾਲੇ ਹੋਈਏ ਆਪਣੇ ਅਮਲਾਂ ਨਾਲ ਦੁਨੀਆ ਨੂੰ ਸਚੱਾਈ ਦਾ ਮਾਰਗ ਦਿਖਾਉਣ ਵਾਲੇ ਹੋਈਏ ਅਤੇ ਰੱਬ ਨੇ ਜੋ ਸਾਡੇ ਉਪੱਰ ਉਪਕਾਰ ਕੀਤੇ ਹਨ ਉਹਨਾਂ ਦਾ ਹਕੀਕੀ ਤੌਰ'ਤੇ ਧੰਨਵਾਦ ਕਰਨ ਵਾਲੇ ਹੋਈਏ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba 06.05.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131